# ਨਸ਼ਾ- ਮਾੜੇ ਪ੍ਰਭਾਵ-II

**(ਬਾਰ੍ਹਵੀਂ ਸ਼੍ਰੇਣੀ ਲਈ )**

ਅਸੀਂ ਜਾਣ ਚੁੱਕੇ ਹਾਂ ਕਿ ਨਸ਼ਾ ਸਾਡੀ ਜ਼ਿੰਦਗੀ ਦੇ ਹਰ ਇੱਕ ਪਹਿਲੂ 'ਤੇ ਪ੍ਰਭਾਵ ਪਾਉਂਦਾ ਹੈ ਚਾਹੇ ਉਹ ਸਮਾਜਿਕ, ਮਾਨਸਿਕ, ਭਾਵਨਾਤਮਕ, ਆਰਥਕ ਜਾਂ ਕੋਈ ਵੀ ਹੋਵੇ। ਇਹ ਨਾ ਕੇਵਲ ਸਾਡੀ ਮਾਨਸਿਕ ਸਿਹਤ ਨੂੰ ਬਰਬਾਦ ਕਰਦਾ ਹੈ ਸਗੋਂ ਸ਼ਰੀਰਕ ਤੌਰ 'ਤੇ ਬਹੁਤ ਸਾਰੀਆਂ ਬਿਮਾਰਿਆਂ ਜਾਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ ਅਤੇ ਕਈ ਵਾਰ ਜੁਰਮ ਦੀ ਦੁਨੀਆਂ ਤੱਕ ਵੀ ਲੈ ਜਾਂਦਾ ਹੈ। ਆਉ, ਇਸਦੇ **ਮਾੜੇ** ਪ੍ਰਭਾਵਾਂ ਬਾਰੇ ਜਾਣੂੰ ਹੋਈਏ।

## ਵੱਖ ਵੱਖ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਮਾੜੇ ਪ੍ਰਭਾਵ

### (ੳ) ਸਿਹਤ ਉੱਤੇ ਅਸਰ

| ਲੜੀ ਨੰ. | ਨਸ਼ੀਲੇ ਪਦਾਰਥ ਦਾ ਨਾਮ ਅਤੇ ਕਿਸਮ | ਅਸਰ |
|---|---|---|
| 1 | ਅਲਕੋਹਲ | ਅਲਕੋਹਲ ਕੇਂਦਰੀ ਤੰਤੂ ਪ੍ਰਣਾਲੀ ਦੀ ਪ੍ਰਤੀਕਿਰਿਆ ਨੂੰ ਕਮਜ਼ੋਰ ਕਰ ਦਿੰਦੀ ਹੈ। ਜਿਗਰ ਦਾ ਨੁਕਸਾਨ ਕਰਦੀ ਹੈ ਅਤੇ ਵਿਵਹਾਰ ਪਾਗਲਾਨਾ ਕਰ ਦਿੰਦੀ ਹੈ, ਇਹ ਤਾਲਮੇਲ ਅਤੇ ਸੋਚ ਵਿਚਾਰ ਕਰਨ ਦੀਆਂ ਯੋਗਤਾਵਾਂ ਨੂੰ ਕਮਜ਼ੋਰ ਕਰਦੀ ਹੈ। |
| 2 | ਅਫੀਮੀ ਪਦਾਰਥ (ਅਫੀਮ, ਹੈਰੋਇਨ, ਮਾਰਫੀਨ ਆਦਿ) | ਅਫੀਮੀ ਪਦਾਰਥਾਂ ਦੀ ਵਰਤੋਂ ਨਾਲ ਅੱਖਾਂ ਦੀਆਂ ਪੁਤਲੀਆਂ ਸੁੰਗੜ ਜਾਂਦੀਆਂ ਹਨ, ਰਾਤ ਨੂੰ ਘੱਟ ਦਿਸਦਾ ਹੈ, ਬਲੱਡ ਪ੍ਰੈਸ਼ਰ ਅਤੇ ਦਿਲ ਦੀ ਧੜਕਣ ਅਨਿਯਮਤ ਹੋ ਜਾਂਦੀ ਹੈ, ਥਕਾਵਟ ਅਤੇ ਸਾਹ ਫੁੱਲਣਾ। |
| 3 | ਭੰਗ ਤੋਂ ਬਣੇ ਪਦਾਰਥ (ਗਾਂਜਾ, ਭੰਗ, ਚਰਸ) | ਭੰਗ ਨਾਲ ਵਿਚਾਰਾਂ ਵਿੱਚ ਉਲਝਣ, ਸੁਸਤੀ, ਨੀਂਦ, ਉਤੇਜਨਾ, ਬਿਮਾਰੀ ਆਦਿ ਮਹਿਸੂਸ ਹੋਣ ਲਗਦੀ ਹੈ। ਇਹ ਯਾਦਆਸ਼ਤ ਉੱਤੇ ਬੁਰਾ ਅਸਰ ਪਾਉਂਦੀ ਹੈ। |
| 4 | ਸ਼ਾਂਤ ਕਰਨ ਵਾਲੇ ਪਦਾਰਥ | ਇਨ੍ਹਾਂ ਦੀ ਜ਼ਿਆਦਾ ਮਾਤਰਾ ਨਾਲ ਬੋਲਣ ਵਿੱਚ ਥਥਲਾਪਣ, ਯਾਦ ਸ਼ਕਤੀ ਘਟਣਾ, ਲੜਖੜਾਉਣਾ ਅਤੇ ਨਿਰਣੇ ਗਲਤ ਹੋਣ ਲੱਗ ਪੈਂਦੇ ਹਨ। |
| 5 | ਕੋਕੇਨ | ਇਸ ਨਾਲ ਬਲੱਡ ਪ੍ਰੈਸ਼ਰ ਵਿੱਚ ਵਾਧਾ, ਸੁਭਾਅ ਵਿੱਚ ਬਹੁਤ ਜ਼ਿਆਦਾ ਅਸਥਿਰਤਾ ਅਤੇ ਚਿੜਚਿੜਾਪਣ ਆ ਜਾਂਦਾ ਹੈ, ਇਸ ਦੀ ਵਰਤੋਂ ਨਾਲ ਦਿਲ ਦਾ ਦੌਰਾ ਪੈ ਸਕਦਾ ਹੈ ਅਤੇ ਦਿਲ ਫੇਲ੍ਹ ਹੋ ਸਕਦਾ ਹੈ। |

| | | |
|---|---|---|
| 6 | ਕੈਫੀਨ ਅਤੇ ਹੋਰ ਪਦਾਰਥ | ਕੈਫੀਨ ਉਨੀਂਦਰਾ, ਸਿਰਦਰਦ, ਚਿੰਤਾ ਰੋਗ ਅਤੇ ਉਦਾਸੀ ਰੋਗ ਵਿੱਚ ਵਾਧਾ ਕਰ ਸਕਦੀ ਹੈ। |
| 7 | ਭਰਮ ਪੈਦਾ ਕਰਨ ਵਾਲੇ ਪਦਾਰਥ | ਇਨ੍ਹਾਂ ਪਦਾਰਥਾਂ ਦੀ ਵਰਤੋਂ ਦਿਮਾਗ ਦਾ ਨਾ ਠੀਕ ਹੋਣ ਯੋਗ ਨੁਕਸਾਨ ਕਰਦੀ ਹੈ, ਦਿਮਾਗ ਦੀਆਂ ਖ਼ੂਨ ਨਲੀਆਂ ਫਟ ਜਾਂਦੀਆਂ ਹਨ ਅਤੇ ਵਿਵਹਾਰ ਵਿੱਚ ਤਿੱਖੀਆਂ ਤਬਦੀਲੀਆਂ ਆ ਜਾਂਦੀਆਂ ਹਨ। |
| 8 | ਤੰਬਾਕੂ | ਇਹ ਦਮੇ ਦਾ ਕਾਰਣ ਬਣਦਾ ਹੈ, ਇਸ ਨਾਲ ਫੇਫੜਿਆਂ, ਮੂੰਹ, ਗਲ, ਭੋਜਨ ਨਲੀ, ਮਿਹਦੇ, ਗੁਰਦਿਆਂ, ਪਿੱਤੇ ਅਤੇ ਵੱਡੀ ਆਂਦਰ ਦਾ ਕੈਂਸਰ ਹੁੰਦਾ ਹੈ। ਦਿਲ ਦੀਆਂ ਖ਼ੂਨ ਨਲੀਆਂ ਵਿੱਚ ਖਰਾਬੀ ਹੋ ਕੇ ਦਿਲ ਦਾ ਦਰਦ ਅਤੇ ਦਿਲ ਦਾ ਦੌਰਾ ਪੈਣ ਦਾ ਸਬੰਧ ਵੀ ਤੰਬਾਕੂ ਦੀ ਵਰਤੋਂ ਨਾਲ ਜੁੜਿਆ ਹੋਇਆ ਹੈ। |
| 9 | ਵਾਸ਼ਪਸ਼ੀਲ ਪਦਾਰਥ (ਪੈਟਰੋਲ, ਥਿਨਰ ਆਦਿ) | ਇਨ੍ਹਾਂ ਨੂੰ ਸੁੰਘਣ ਨਾਲ ਜੋ ਨਸ਼ਾ ਹੁੰਦਾ ਹੈ ਉਹ ਜਿਗਰ, ਗੁਰਦਿਆਂ, ਦਿਲ ਲਈ ਬਹੁਤ ਖਤਰਨਾਕ ਹੈ ਅਤੇ ਇਨ੍ਹਾਂ ਵਿਚੋਂ ਕੁਝ ਪਦਾਰਥ ਤਾਂ ਬਾਹਰਲੀ ਤੰਤੂ ਪ੍ਰਣਾਲੀ ਅਤੇ ਦਿਮਾਗ ਦਾ ਵਿਨਾਸ਼ ਕਰ ਸਕਦੇ ਹਨ। |

**(ਅ) ਸਿੱਖਿਆ ਅਤੇ ਕਿੱਤੇ ਉੱਤੇ ਅਸਰ**

ਨਸ਼ੇੜੀ ਦੀ ਆਪਣੀ ਪੜ੍ਹਾਈ ਜਾਂ ਕੰਮ ਵਿੱਚ ਲਗਾਤਾਰਤਾ ਅਤੇ ਯੋਗਤਾ ਨਹੀਂ ਰਹਿੰਦੀ। ਉਹ ਪੜ੍ਹਾਈ ਵਿਚਕਾਰੋਂ ਛੱਡ ਜਾਵੇਗਾ, ਆਪਣੇ ਕੰਮ ਤੋਂ ਕੱਢਿਆ ਜਾਵੇਗਾ ਜਾਂ ਪੱਕਾ ਬੇਰੁਜ਼ਗਾਰ ਹੀ ਰਹੇਗਾ। ਨਸ਼ੇੜੀ ਦੇ ਆਪਣੇ ਸਾਥੀਆਂ ਨਾਲ ਸਬੰਧ ਵਿਗੜ ਜਾਂਦੇ ਹਨ ਅਤੇ ਉਹ ਮੁਸ਼ਕਿਲਾਂ ਵਿੱਚ ਪੈਂਦਾ ਰਹਿੰਦਾ ਹੈ।

**(ੲ) ਪਰਿਵਾਰ ਉੱਤੇ ਅਸਰ**

ਪਰਿਵਾਰਕ ਸਬੰਧ ਤਣਾਅਪੂਰਨ ਹੋ ਜਾਂਦੇ ਹਨ ਕਿਉਂਕਿ ਨਸ਼ੇੜੀ ਘਰ ਵਿੱਚ ਕੋਈ ਯੋਗਦਾਨ ਨਹੀਂ ਪਾਉਂਦਾ ਸਗੋਂ ਘਰ ਦੇ ਸਾਧਨਾਂ ਨੂੰ ਰੋੜ੍ਹਦਾ ਹੈ। ਇਸਦਾ ਵਿਆਹੁਤਾ ਜ਼ਿੰਦਗੀ ਅਤੇ ਬੱਚਿਆਂ ਦੇ ਮਾਨਸਿਕ ਵਿਕਾਸ ਉੱਤੇ ਵੀ ਬੁਰਾ ਅਸਰ ਪੈਂਦਾ ਹੈ।

**(ਸ) ਸਮਾਜਿਕ ਅਸਰ**

ਨਸ਼ਈ ਸਮਾਜ ਨੂੰ ਅਣਗੌਲਿਆਂ ਕਰਦਾ ਹੈ ਅਤੇ ਸਮਾਜ ਉਸ ਨੂੰ ਅਣਗੌਲਿਆਂ ਕਰ ਦਿੰਦਾ ਹੈ ਜਿਸ ਨਾਲ ਹੌਲੀ ਹੌਲੀ ਸਮਾਜ ਅਤੇ ਉਸ ਵਿਚਕਾਰ ਵੱਡਾ ਪਾੜਾ ਪੈ ਜਾਂਦਾ ਹੈ।

**(ਹ) ਕਾਨੂੰਨੀ ਅਤੇ ਅਪਰਾਧਿਕ ਅਸਰ**

ਨਸ਼ਈ ਕਈ ਤਰੀਕਿਆਂ ਨਾਲ ਕਾਨੂੰਨੀ ਸਮੱਸਿਆਵਾਂ ਵਿੱਚ ਘਿਰ ਜਾਂਦਾ ਹੈ, ਜਿਵੇਂ ਕਿ ਸ਼ਰਾਬ ਪੀ ਕੇ ਗੱਡੀ ਚਲਾਉਣਾ, ਲੜਾਈ ਝਗੜੇ ਕਰਨੇ ਅਤੇ ਹੋਰ ਜਨਤਕ ਪੁਆੜੇ ਖੜ੍ਹੇ ਕਰਨੇ, ਨਸ਼ੇ ਦੀ ਹਾਲਤ ਵਿੱਚ ਦੁਰਘਟਨਾਵਾਂ ਕਰ ਦੇਣੀਆਂ, ਨਸ਼ੀਲੇ ਪਦਾਰਥ ਰੱਖਣ, ਇਧਰ ਉਧਰ ਭੇਜਣ ਅਤੇ ਵੇਚਣ ਦੇ ਚੱਕਰ ਵਿੱਚ ਫਸਣਾ ਆਦਿ। ਸੋ ਉਹ ਲਗਾਤਾਰ ਡਰ ਅਤੇ ਅਨਿਸ਼ਚਿਤਤਾ ਦੀ ਜ਼ਿੰਦਗੀ ਜਿਉਂਦਾ ਹੈ।

**ਦ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟਰੋਪਿਕ ਸਬਸਟਾਂਸਜ਼ ਐਕਟ ੧੯੮੫**

ਇਸ ਐਕਟ ਅਨੁਸਾਰ, ਕਿਸੇ ਵਿਅਕਤੀ ਲਈ ਕੋਈ ਵੀ ਨਸ਼ੀਲੀ ਦਵਾਈ ਜਾਂ ਨਸ਼ੀਲਾ ਪਦਾਰਥ ਪੈਦਾ ਕਰਨਾ/ ਬਨਾਉਣਾ/ਉਗਾਉਣਾ, ਰੱਖਣਾ, ਵੇਚਣਾ, ਸਾਂਭਣਾ, ਲੈ ਕੇ ਜਾਣਾ ਜਾਂ ਵਰਤੋਂ ਕਰਨੀ ਗੈਰਕਾਨੂੰਨੀ ਹੈ। ਇਸ ਕਾਨੂੰਨ ਤਹਿਤ ੨੦ ਸਾਲ ਤੱਕ ਦੀ ਕੈਦ ਅਤੇ ੨ ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ ਜੋ ਫੜੇ ਗਏ ਨਸ਼ੀਲੇ ਪਦਾਰਥ ਦੀ ਮਾਤਰਾ ਉੱਤੇ ਨਿਰਭਰ ਕਰਦਾ ਹੈ।

**ਜੁਰਮ ਅਤੇ ਸਜਾਵਾਂ**

**ਜੁਰਮ : ਪੋਸਤ, ਭੰਗ ਜਾਂ ਕੋਕਾ ਦੇ ਪੌਦਿਆਂ ਦੀ ਬਗੈਰ ਲਾਈਸੈਂਸ ਖੇਤੀ ਕਰਨਾ**

ਸੈਕਸ਼ਨ : ਪੋਸਤ- ੧੮ (ਸੀ), ਭੰਗ – ੨੦, ਕੋਕਾ – ੧੬

ਸਜਾ : ੧੦ ਸਾਲ ਤੱਕ ਦੀ ਸਖਤ ਕੈਦ + ੧ ਲੱਖ ਰੁਪਏ ਤੱਕ ਦਾ ਜੁਰਮਾਨਾ

**ਜੁਰਮ : ਲਾਈਸੈਂਸ ਪ੍ਰਾਪਤ ਕਿਸਾਨ ਵੱਲੋਂ ਪੋਸਤ ਵਿੱਚ ਹੇਰਫੇਰੀ ਕਰਨਾ**

ਸੈਕਸ਼ਨ : ੧੯

ਸਜਾ : ੧੦ ਤੋਂ ੨੦ ਸਾਲ ਤੱਕ ਦੀ ਸਖਤ ਕੈਦ + ੧ ਤੋਂ ੨ ਲੱਖ ਰੁਪਏ ਤੱਕ ਦਾ ਜੁਰਮਾਨਾ

**ਜੁਰਮ : ਨਸ਼ੀਲੇ ਪਦਾਰਥਾਂ ਦੀ ਪੈਦਾਵਾਰ, ਬਨਾਉਣਾ, ਰੱਖਣਾ, ਖਰੀਦ ਵੇਚ ਕਰਨਾ, ਇਧਰ ਉਧਰ ਲੈ ਕੇ ਜਾਣਾ, ਦਰਾਮਦ-ਬਰਾਮਦ ਕਰਨਾ, ਵਰਤੋਂ ਕਰਨਾ।**

ਸੈਕਸ਼ਨ : ਪੋਸਤ- ੧੮, ਅਫੀਮ -੧੭ ਭੰਗ – ੨੦, ਬਣਾਈਆਂ ਗਈਆਂ ਨਸ਼ੀਲੀਆਂ ਦਵਾਈਆਂ – ੨੧

ਸਜਾ : ਥੋੜ੍ਹੀ ਮਾਤਰਾ -੬ ਮਹੀਨੇ ਤੱਕ ਦੀ ਸਖਤ ਕੈਦ ਜਾਂ ੧੦ ਹਜਾਰ ਰੁਪਏ ਤੱਕ ਜੁਰਮਾਨਾ ਜਾਂ ਦੋਹਵੇਂ

ਵੱਧ ਮਾਤਰਾ ਪਰ ਵਪਾਰਕ ਮਾਤਰਾ ਤੋਂ ਘੱਟ - ੧੦ ਸਾਲ ਤੱਕ ਦੀ ਸਖਤ ਕੈਦ + ੧ ਲੱਖ ਰੁਪਏ ਤੱਕ ਦਾ ਜੁਰਮਾਨਾ

ਵਪਾਰਕ ਮਾਤਰਾ – ੧੦ ਤੋਂ ੨੦ ਸਾਲ ਤੱਕ ਦੀ ਸਖਤ ਕੈਦ+ ੧ ਤੋਂ ੨ ਲੱਖ ਰੁਪਏ ਦਾ ਜੁਰਮਾਨਾ

**ਜੁਰਮ : ਨਸ਼ੀਲੇ ਪਦਾਰਥਾਂ ਦੀ ਦਰਾਮਦ, ਬਰਾਮਦ**

ਸੈਕਸ਼ਨ : ੨੩

ਸਜਾ : ਉਪਰ ਵਾਲੀ

**ਜੁਰਮ : ਨਸ਼ੀਲੇ ਪਦਾਰਥਾਂ ਦਾ ਵਿਦੇਸ਼ਾਂ ਵਿੱਚ ਆਦਾਨ ਪ੍ਰਦਾਨ ਜਾਂ ਅਜਿਹੇ ਵਪਾਰ ਨੂੰ ਕੰਟਰੋਲ ਕਰਨਾ ਜਿੱਥੇ ਨਸ਼ੀਲੇ ਪਦਾਰਥ ਭਾਰਤ ਤੋਂ ਬਾਹਰੋਂ ਹਾਸਲ ਕਰਕੇ ਭਾਰਤ ਤੋਂ ਬਾਹਰ ਹੀ ਸਪਲਾਈ ਕੀਤੇ ਜਾਂਦੇ ਹਨ**

ਸੈਕਸ਼ਨ : ੨੪

ਸਜਾ : ੧੦ ਤੋਂ ੨੦ ਸਾਲ ਤੱਕ ਦੀ ਸਖਤ ਕੈਦ + ੧ ਤੋਂ ੨ ਲੱਖ ਰੁਪਏ ਤੱਕ ਦਾ ਜੁਰਮਾਨਾ

**ਜੁਰਮ : ਜਾਣਦੇ ਬੁਝਦੇ ਹੋਇਆਂ ਆਪਣੀ ਜਗ੍ਹਾ ਨੂੰ ਜੁਰਮ ਲਈ ਵਰਤਣ ਦੀ ਇਜਾਜ਼ਤ ਦੇਣਾ**

ਸੈਕਸ਼ਨ : ਉਹੀ ਜੋ ਉਸ ਜੁਰਮ ਲਈ ਲਾਗੂ ਹੈ

ਸਜਾ : ਉਹੀ

**ਜੁਰਮ : ਨਿਯਮਤ ਕੀਤੇ ਪਦਾਰਥਾਂ ਨਾਲ ਸਬੰਧਿਤ ਉਲੰਘਨਾਵਾਂ**

ਸੈਕਸ਼ਨ : ੨੫ ਏ

ਸਜਾ : ੧੦ ਸਾਲ ਤੱਕ ਦੀ ਸਖਤ ਕੈਦ + ੧ ਤੋਂ ੨ ਲੱਖ ਰੁਪਏ ਤੱਕ ਦਾ ਜੁਰਮਾਨਾ

**ਜੁਰਮ : ਅਪਰਾਧੀਆਂ ਦੇ ਆਉਣ ਜਾਣ ਲਈ ਧਨ ਮੁੱਹਈਆ ਕਰਨਾ ਅਤੇ ਠਾਹਰ ਦੇਣੀ**

ਸੈਕਸ਼ਨ : ੨੭ ਏ

ਸਜਾ : ੧੦ ਤੋਂ ੨੦ ਸਾਲ ਤੱਕ ਦੀ ਸਖਤ ਕੈਦ + ੧ ਤੋਂ ੨ ਲੱਖ ਰੁਪਏ ਤੱਕ ਦਾ ਜੁਰਮਾਨਾ

**ਜੁਰਮ : ਕੋਸ਼ਿਸ਼ ਕਰਨੀ, ਉਕਸਾਉਣਾ ਅਤੇ ਅਪਰਾਧਿਕ ਸਾਜ਼ਿਸ਼ ਘੜਨੀ**

ਸੈਕਸ਼ਨ : ਕੋਸ਼ਿਸ਼ – ੨੮, ਉਕਸਾਹਟ ਅਤੇ ਅਪਰਾਧਿਕ ਸਾਜ਼ਿਸ਼ - ੨੯

ਸਜਾ : ਜੋ ਉਸ ਅਪਰਾਧ ਲਈ ਨਿਸਚਿਤ ਹੈ

**ਜੁਰਮ : ਅਪਰਾਧ ਕਰਨ ਦੀ ਤਿਆਰੀ ਕਰਨਾ**

ਸੈਕਸ਼ਨ : ੩੦

ਸਜਾ : ਉਸ ਅਪਰਾਧ ਲਈ ਨਿਸਚਿਤ ਸਜਾ ਤੋਂ ਅੱਧੀ

**ਜੁਰਮ : ਦੁਬਾਰਾ ਜੁਰਮ ਕਰਨਾ**

ਸੈਕਸ਼ਨ : ੩੧, ਮੌਤ 31– ਏ

ਸਜਾ : ਉਸ ਅਪਰਾਧ ਲਈ ਨਿਸਚਿਤ ਸਜਾ ਤੋਂ ਡੇਢ ਗੁਣਾ, ਕਈ ਕੇਸਾਂ ਵਿੱਚ ਮੌਤ ਦੀ ਸਜ਼ਾ ਵੀ

**ਜੁਰਮ : ਨਸ਼ੀਲੇ ਪਦਾਰਥਾਂ ਦੀ ਖਪਤ ਕਰਨੀ**

ਸੈਕਸ਼ਨ : ੨੭

ਸਜਾ : ਕੋਕੇਨ, ਮਾਰਫੀਨ, ਹੈਰੋਇਨ ੧ ਤੱਕ ਦੀ ਸਖਤ ਕੈਦ ਜਾਂ ੨੦ ਹਜਾਰ ਰੁਪਏ ਤੱਕ ਦਾ ਜੁਰਮਾਨਾ ਜਾਂ ਦੋਹਵੇਂ

ਹੋਰ ਪਦਾਰਥ – ੬ ਮਹੀਨੇ ਤੱਕ ਦੀ ਕੈਦ ਜਾਂ ੧੦ ਹਜਾਰ ਰੁਪਏ ਜੁਰਮਾਨਾ ਜਾਂ ਦੋਹਵੇਂ

ਜਿਹੜੇ ਨਸ਼ੇੜੀ ਇਲਾਜ ਲਈ ਪੇਸ਼ ਹੁੰਦੇ ਹਨ ਉਨ੍ਹਾਂ ਨੂੰ ਸਜਾ ਤੋਂ ਛੋਟ

**ਜੁਰਮ : ਜਿਹੜੀਆਂ ਉਲੰਘਨਾਵਾਂ ਦਾ ਹੋਰ ਕਿਤੇ ਜ਼ਿਕਰ ਨਹੀਂ ਹੋਇਆ**

ਸੈਕਸ਼ਨ : ੩੨

ਸਜਾ : ੬ ਮਹੀਨੇ ਤੱਕ ਦੀ ਸਖਤ ਕੈਦ ਜਾਂ ਜੁਰਮਾਨਾ ਜਾਂ ਦੋਹਵੇਂ

" ਨਸ਼ੀਲੇ ਪਦਾਰਥਾਂ ਦਾ ਸੇਵਨ ਸਮੇਂ ਦੀ ਬਰਬਾਦੀ ਹੈ। ਇਹ ਤੁਹਾਡੀ ਯਾਦਆਸ਼ਤ, ਤੁਹਾਡੇ ਸਵੈ-ਸਤਿਕਾਰ ਅਤੇ ਤੁਹਾਡੇ ਆਤਮਸਨਮਾਨ ਨਾਲ ਜੋ ਕੁਝ ਵੀ ਜੁੜਿਆ ਹੈ ਉਸਨੂੰ ਨਸ਼ਟ ਕਰ ਦਿੰਦੇ ਹਨ " – ਕੁਰਟ ਕੋਬੈਨ

## ਅਭਿਆਸ

**ਪ੍ਰਸ਼ਨ 1**: ਨਸ਼ੇ ਦੀ ਵਰਤੋਂ ਨਾਲ ਪੈਣ ਵਾਲੇ ਸਮਾਜਿਕ ਪ੍ਰਭਾਵ ਲਿਖੋ ?

**ਪ੍ਰਸ਼ਨ 2**: ਕਿਨ੍ਹਾਂ ਅਰਥਾਂ ਵਿੱਚ ਤੰਬਾਕੂ ਨੂੰ ਹਤਿਆਰਾ ਕਿਹਾ ਜਾ ਸਕਦਾ ਹੈ ?

**ਪ੍ਰਸ਼ਨ 3**: ਕੋਕੀਨ ਦਾ ਸੇਵਨ ਕਰਨ ਨਾਲ ਸਾਡੇ ਸ਼ਰੀਰ 'ਤੇ ਕਿਸ ਤਰ੍ਹਾਂ ਦਾ ਹਾਨੀਕਾਰਕ ਪ੍ਰਭਾਵ ਪੈਂਦਾ ਹੈ ?

**ਪ੍ਰਸ਼ਨ 4**: ਵਾਸ਼ਪਸ਼ੀਲ ਪਦਾਰਥ ਕਿਸਨੂੰ ਆਖਦੇ ਹਨ ? ਨਸ਼ਿਆਂ ਵਜੋਂ ਇਨ੍ਹਾਂ ਦਾ ਪ੍ਰਯੋਗ ਕਿਸ ਤਰ੍ਹਾਂ ਹਾਨੀਕਾਰਕ ਹੈ ?

**ਪ੍ਰਸ਼ਨ 5**: ਨਸ਼ੇ ਦੀ ਆਦਤ ਮਨੁੱਖ ਦੀ ਸਿੱਖਿਆ ਅਤੇ ਕਿੱਤੇ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ ?

**ਪ੍ਰਸ਼ਨ 6**: ਇੱਕ ਨਸ਼ਾਖੋਰ ਵਿਅਕਤੀ ਕਾਨੂੰਨੀ ਸਮੱਸਿਆਵਾਂ ਵਿੱਚ ਕਿਵੇਂ ਉਲਝ ਜਾਂਦਾ ਹੈ ?

**ਪ੍ਰਸ਼ਨ 7**: ਨਸ਼ਿਆਂ ਤੋ ਕਿਵੇਂ ਬਚਿਆ ਜਾ ਸਕਦਾ ?

**ਪ੍ਰਸ਼ਨ 8**: 'ਦ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਐਕਟ 1985' ਕੀ ਹੈ ?

**ਪ੍ਰਸ਼ਨ 9**: ਬਿਨ੍ਹਾਂ ਲਾਇਸੈਂਸ ਲਏ ਨਸ਼ੀਲੇ ਪਦਾਰਥਾਂ ਦਾ ਉਤਪਾਦਨ ਕਰਨ ਦੀ ਕੀ ਸਜ਼ਾ ਹੈ ?

**ਪ੍ਰਸ਼ਨ 10**: ਲਾਇਸੈਂਸ ਪ੍ਰਾਪਤ ਕਿਸਾਨ ਵਲੋਂ ਅਫੀਮ ਦਾ ਗਬਨ ਕਰਨ 'ਤੇ ਕਿਹੜੇ ਸੈਕਸ਼ਨ ਅਧੀਨ ਕੀ ਸਜ਼ਾ ਹੁੰਦੀ ਹੈ ?

**ਪ੍ਰਸ਼ਨ 11**: ਕੀ ਨਸ਼ੇ ਦਾ ਸੇਵਨ ਕਰਨਾ ਅਪਰਾਧ ਹੈ ? ਜੇ ਹਾਂ ਤਾਂ ਇਸਦੀ ਕੀ ਸਜ਼ਾ ਹੈ ?

***********